BRAMPTON Flower City
brampton.ca

Service and Information Update

# ਸਿਟੀ ਆਫ ਬ੍ਰੈਂਪਟਨ ਵਿੱਚ ਵਿਆਹ ਸਬੰਧੀ ਸੇਵਾਵਾਂ ਦਾ ਵਿਸਤਾਰ ਹੋ ਰਿਹਾ ਹੈ ਅਤੇ ਉਹ ਹੋਰ ਪਹੁੰਚਯੋਗ ਬਣ ਰਹੀਆਂ ਹਨ

ਬ੍ਰੈਂਪਟਨ, ਓਨਟੈਰੀਓ (4 ਨਵੰਬਰ, 2019) – ਸਿਟੀ ਆਫ ਬ੍ਰੈਂਪਟਨ 1 ਦਸੰਬਰ, 2019 ਤੋਂ ਸ਼ੁਰੂ ਕਰਦੇ ਹੋਏ ਆਪਣੀਆਂ ਵਿਆਹ ਸਬੰਧੀ ਸੇਵਾ ਪੇਸ਼ਕਸ਼ਾਂ ਦਾ ਵਿਸਤਾਰ ਕਰ ਰਹੀ ਹੈ ਅਤੇ ਇਹਨਾਂ ਵਿੱਚ ਤਬਦੀਲੀਆਂ ਕਰ ਰਹੀ ਹੈ।

**ਵਿਆਹ ਦੇ ਲਾਇਸੈਂਸ**

1 ਦਸੰਬਰ, 2019 ਤੋਂ ਸ਼ੁਰੂ ਕਰਦੇ ਹੋਏ, ਵਿਆਹ ਦੇ ਲਾਇਸੈਂਸਾਂ ਲਈ ਦਰਖਾਸਤ ਦੇਣ ਦੀਆਂ ਪਛਾਣ ਸਬੰਧੀ ਸ਼ਰਤਾਂ ਬਦਲ ਰਹੀਆਂ ਹਨ:

1. ਹੋਰ ਮੌਜੂਦਾ ਮੁੱਖ ਦਸਤਾਵੇਜ਼ਾਂ ਦੇ ਇਲਾਵਾ ਮੁੱਖ ਪਛਾਣ ਦੇ ਤੌਰ ਤੇ, ਕੈਨੇਡਿਅਨ ਸਿਟੀਜ਼ਨਸ਼ਿਪ ਕਾਰਡ (Canadian Citizenship Card) ਅਤੇ ਲੈਂਡੇਡ ਇਮੀਗ੍ਰੈਂਟ ਡਾੱਕਯੁਮੈਂਟ (Landed Immigrant Document) ਸਵੀਕਾਰ ਕੀਤੇ ਜਾਣਗੇ।
2. ਫ੍ਰੈਂਚ ਕੈਨੇਡਿਅਨ-ਜਾਰੀ ਕੀਤੀ ਸਰਕਾਰੀ ਆਈ.ਡੀ. (ID) ਅਤੇ ਤਲਾਕ ਦੇ ਸਰਟੀਫਿਕੇਟ, ਬਿਨਾਂ ਅੰਗਰੇਜ਼ੀ ਦੇ ਅਨੁਵਾਦ ਦੇ ਸਵੀਕਾਰ ਕੀਤੇ ਜਾਣਗੇ। ਬਿਨਾਂ ਪੂਰੇ ਅਨੁਵਾਦ ਦੇ ਕੋਈ ਵੀ ਹੋਰ ਸਿਰਫ਼-ਫ੍ਰੈਂਚ ਦਸਤਾਵੇਜ਼ ਸਵੀਕਾਰ ਨਹੀਂ ਕੀਤੇ ਜਾਣਗੇ।
3. ਆਫਿਸ ਆਫ ਦ ਰਜਿਸਟਰ ਜਨਰਲ (Office of the Registrar General) ਦੇ ਮੁਤਾਬਕ ਅਤੇ ਪੂਰੇ ਸੂਬੇ ਵਿੱਚ ਮਿਉਨਿਸਿਪਲ ਪ੍ਰਕਿਰਿਆਵਾਂ ਦੇ ਮੁਤਾਬਕ, ਵਿਆਹ ਦੇ ਲਾਇਸੈਂਸ ਲਈ ਦਰਖਾਸਤ ਦੇਣ ਲਈ ਪਛਾਣ ਦੇ ਤੌਰ ਤੇ, ਸੂਬਾਈ ਸਿਹਤ ਕਾਰਡ ਅਤੇ ਐਸ.ਆਈ.ਐਨ. (SIN) ਕਾਰਡ ਸਵੀਕਾਰ ਨਹੀਂ ਕੀਤੇ ਜਾਣਗੇ।

2019 ਵਿੱਚ ਹੁਣ ਤੱਕ, ਸਿਟੀ ਨੇ 2,852 ਵਿਆਹ ਦੇ ਲਾਇਸੈਂਸ ਜਾਰੀ ਕੀਤੇ ਹਨ ਅਤੇ ਮਈ ਤੋਂ ਅਗਸਤ ਦੇ ਸਭ ਤੋਂ ਵੱਧ ਵਿਆਹ ਹੋਣ ਦੇ ਮਹੀਨਿਆਂ ਦੇ ਦੌਰਾਨ, ਰੋਜ਼ਾਨਾ 15 ਵਿਆਹ ਦੇ ਲਾਇਸੈਂਸ ਜਾਰੀ ਕੀਤੇ ਗਏ। ਇਹ ਤਬਦੀਲੀਆਂ, ਆਲੇ-ਦੁਆਲੇ ਦੀਆਂ ਮਿਉਨਿਸਿਪਲਟੀਜ਼ ਦੇ ਨਾਲ ਸਿਟੀ ਦੀਆਂ ਵਿਆਹ ਸਬੰਧੀ ਪੇਸ਼ਕਸ਼ਾਂ ਦੇ ਮੁਤਾਬਕ ਹੋਣਗੀਆਂ। ਇਹ ਸਾਡੇ ਬਿਨੈਕਾਰਾਂ ਲਈ ਪ੍ਰਕਿਰਿਆ ਨੂੰ ਹੋਰ ਵੀ ਪਹੁੰਚਯੋਗ ਬਣਾਉਣਗੀਆਂ। ਇਹ ਤਬਦੀਲੀਆਂ ਸੂਬੇ ਦੀਆਂ ਉਹਨਾਂ ਸ਼ਰਤਾਂ ਨੂੰ ਵੀ ਪੂਰਾ ਕਰਦੀਆਂ ਹਨ, ਜੋ ਆਫਿਸ ਆਫ ਦ ਰਜਿਸਟਰ ਜਨਰਲ ਵੱਲੋਂ ਸ਼ੁਰੂ ਕੀਤੀਆਂ ਗਈਆਂ ਹਨ।

ਹੋਰ ਜਾਣਕਾਰੀ ਲਈ ਅਤੇ ਪਛਾਣ ਸਬੰਧੀ ਸ਼ਰਤਾਂ ਦੀ ਵਿਸਤ੍ਰਿਤ ਸੂਚੀ ਲਈ, ਸਾਡੀ ਵਿਆਹ ਦੇ ਲਾਇਸੈਂਸਾਂ ਦੀ ਵੈਬਸਾਈਟ (marriage licences website) ਤੇ ਜਾਓ।

**ਸਿੰਪਲ ਸਿਵਿਲ ਵੈਡਿੰਗ ਸੈਰੇਮਨੀ (Simple Civil Wedding Ceremony): ਨਵਾਂ – ਮੰਗਲਵਾਰ ਦੇ ਸਮਾਰੋਹ!**

ਜਨਵਰੀ 2020 ਤੋਂ ਸ਼ੁਰੂ ਕਰਦੇ ਹੋਏ, ਜੋ ਜੋੜੇ ਆਪਣਾ ਵਿਆਹ ਕਰਵਾਉਣ ਦੇ ਸਧਾਰਨ, ਗੈਰ-ਧਾਰਮਿਕ ਤਰੀਕੇ ਦੀ ਭਾਲ ਵਿੱਚ ਹਨ, ਉਹ ਬ੍ਰੈਂਪਟਨ ਸਿਟੀ ਹਾਲ, 2 ਵੈਲਿੰਗਟਨ ਸਟ੍ਰੀਟ ਵੈਸਟ (Brampton City Hall, 2 Wellington Street West) ਵਿਖੇ ਮੰਗਲਵਾਰ ਜਾਂ ਵੀਰਵਾਰ ਨੂੰ ਸਿੰਪਲ ਸਿਵਿਲ ਸੈਰਮੇਨੀ (Simple Civil Ceremony) ਬੁੱਕ ਕਰ ਸਕਦੇ ਹਨ। ਸਿੰਪਲ ਸਿਵਿਲ ਸੈਰੇਮਨੀ ਲਈ ਤਦ ਵੀ ਪਹਿਲਾਂ ਹੀ ਬੁਕਿੰਗ (ਪ੍ਰੀ-ਬੁਕਿੰਗ) ਕਰਵਾਉਣ ਦੀ ਲੋੜ ਹੋਵੇਗੀ, ਜਿਸ ਵਿੱਚ ਛੇ ਲੋਕਾਂ (ਦੋ ਗਵਾਹਾਂ ਸਮੇਤ) ਤੱਕ ਦਾ ਪ੍ਰਬੰਧ ਹੋਵੇਗਾ।

ਸਿੰਪਲ ਸਿਵਿਲ ਸੈਰੇਮਨੀਜ ਬਾਰੇ ਹੋਰ ਜਾਣਕਾਰੀ ਲਈ, ਸਾਡੀ ਵੈਬਸਾਈਟ ਤੇ ਜਾਓ (visit our website)।

-30-

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca